ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ
(ਸਥਾਨਕ ਯੋਜਨਾ ਸ਼ਾਖਾ)

ਸੇਵਾ ਵਿਖੇ,

ਸਮੂਹ ਡਿਪਟੀ ਕਮਿਸ਼ਨਰ-ਕਮ-ਸਕੱਤਰ,
ਜ਼ਿਲ੍ਹਾ ਯੋਜਨਾ ਕਮੇਟੀਆਂ।

ਮੀਮੋ ਨੰ: 2/1/ਪਸਪਬ-ਖੋ.ਅ.(ਸ.ਯੋ.)/ਹਦਾਇਤਾ/2012-13/ 2627
ਮਿਤੀ: ਚੰਡੀਗੜ੍ਹ 6-9-2012

ਵਿਸ਼ਾ :- **ਮਾਨਯੋਗ ਮੁੱਖ ਮੰਤਰੀ, ਉਪ ਮੁੱਖ ਮੰਤਰੀ ਅਤੇ ਵਿੱਤ ਅਤੇ ਯੋਜਨਾ ਮੰਤਰੀ, ਪੰਜਾਬ ਜੀ ਲਈ ਈਅਰ ਮਾਰਕ ਕੀਤੇ ਗਏ ਬੰਧਨ ਮੁਕਤ ਫੰਡਾਂ ਨੂੰ ਇਸਤੇਮਾਲ ਕਰਨ ਸਬੰਧੀ ਸੋਧੀਆਂ ਅਗਵਾਹੀ ਲੀਹਾਂ ਸਬੰਧੀ।**

---

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਯੋਜਨਾਬੰਦੀ ਵਿਭਾਗ ਵੱਲੋਂ ਜ਼ਾਰੀ ਕੀਤੇ ਮੀਮੋ ਨੰ: 2/1-ਪਸਪਬ-ਖੋ.ਅ.(ਸ.ਯੋ)-2011/962 ਮਿਤੀ 14/2/2011 ਦੀ ਲਗਾਤਾਰਤਾ ਵਿਚ।

2. ਬੰਧਨ ਮੁਕਤ ਫੰਡਾਂ ਸਬੰਧੀ ਸੋਧੀਆਂ ਹੋਈਆਂ ਅਗਵਾਂਹੀ ਲੀਹਾਂ ਵਿੱਚ ਲੜੀ ਨੰ: 28 ਤੇ ਪੰਜਾਬੀ ਵਿੱਚ "ਪੰਜਾਬ ਹਰਿਆਲੀ ਮੁਹਿੰਮ ਤਹਿਤ ਗੈਰ ਵਣ ਖੇਤਰਾਂ ਵਿੱਚ ਪਲਾਂਟੇਸ਼ਨ ਕਰਨ ਵਾਸਤੇ' ਅਤੇ ਅੰਗਰੇਜੀ ਵਿੱਚ ਨੰ: XXVIII "Plantation in Non Forest areas under Punjab Hariyali Muhim" ਸਾਮਲ ਕਰ ਲਿਆ ਗਿਆ ਹੈ।

3. ਬੰਧਨ ਮੁਕਤ ਫੰਡਾਂ ਦੀਆਂ ਸੋਧੀਆਂ ਅਗਵਾਹੀ ਲੀਹਾਂ (ਅੰਗਰੇਜ਼ੀ ਅਤੇ ਪੰਜਾਬੀ) ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਨਾਲ ਨੱਥੀ ਕੀਤੀਆਂ ਜਾਂਦੀਆਂ ਹਨ।

ਡਾਇਰੈਕਟਰ ਯੋਜਨਾ

ਪਿੱਠ ਅੰਕਣ ਨੰ:2/1/ਪਸਪਬ-ਖੋ.ਅ.(ਸ.ਯੋ.)/ਹਦਾਇਤਾ/2012-13/ 2628-31 ਮਿਤੀ: 6-9-2012

ਇਸ ਦੀ ਇੱਕ ਕਾਪੀ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜੀ ਜਾਂਦੀ ਹੈ:-

(i) ਰਾਜ ਦੇ ਸਮੂਹ ਚੇਅਰਪਰਸਨ, ਜ਼ਿਲ੍ਹਾ ਯੋਜਨਾ ਕਮੇਟੀਆਂ।
(ii) ਪ੍ਰਮੁੱਖ ਸਕੱਤਰ ਮੁੱਖ ਮੰਤਰੀ ਨੂੰ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੀ ਸੂਚਨਾ ਹਿੱਤ।
(iii) ਵਿਸ਼ੇਸ਼ ਪ੍ਰਮੁੱਖ ਸਕੱਤਰ ਉਪ ਮੁੱਖ ਮੰਤਰੀ ਨੂੰ ਮਾਨਯੋਗ ਉਪ ਮੁੱਖ ਮੰਤਰੀ ਪੰਜਾਬ ਜੀ ਦੀ ਸੂਚਨਾ ਹਿੱਤ।
(iv) ਨਿੱਜੀ ਸਕੱਤਰ/ਵਿੱਤ ਅਤੇ ਯੋਜਨਾ ਮੰਤਰੀ ਨੂੰ ਮਾਨਯੋਗ ਵਿੱਤ ਅਤੇ ਯੋਜਨਾ ਮੰਤਰੀ ਪੰਜਾਬ ਜੀ ਦੀ ਸੂਚਨਾ ਹਿੱਤ।

ਡਾਇਰੈਕਟਰ ਯੋਜਨਾ

ਪਿੱਠ ਅੰਕਣ ਨੰ: 2/1/ਪਸਪਬ-ਖੋ.ਅ.(ਸ.ਯੋ.)/ਹਦਾਇਤਾਂ/2012-13/ 2632-42 ਮਿਤੀ: 6-9-2012

ਇਸ ਦੀ ਇੱਕ ਕਾਪੀ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ :-

(i) ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ (ਯੋਜਨਾ ਨਾਲ ਸਬੰਧਤ), ਪੰਜਾਬ।
(ii) ਡਾਇਰੈਕਟਰ ਖਜ਼ਾਨਾ ਅਤੇ ਲੇਖਾ, ਵਿੱਤ ਵਿਭਾਗ, ਪੰਜਾਬ।

(iii) ਡਾਇਰੈਕਟਰ, ਸਪੈਸ਼ਲ ਕੰਪੋਨੈਂਟ ਸਬ ਪਲਾਨ, ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
(iv) ਵਿੱਤ ਵਿਭਾਗ (ਐਫ.ਈ-6 ਸ਼ਾਖਾ)।
(v) ਮਹਾਂਲੇਖਾਕਾਰ (ਏ.ਐਂਡ ਈ), ਪੰਜਾਬ।
(vi) ਮਹਾਂਲੇਖਾਕਾਰ (ਆਡਿਟ), ਪੰਜਾਬ।
(vii) ਰਾਜ ਦੇ ਸਮੂਹ ਵਧੀਕ ਡਿਪਟੀ ਕਮਿਸ਼ਨਰ (ਵਿਕਾਸ)।
(viii) ਰਾਜ ਦੇ ਸਮੂਹ ਉਪ ਅਰਥ ਅਤੇ ਅੰਕੜਾ ਸਲਾਹਕਾਰ।
(ix) ਜ਼ਿਲ੍ਹਿਆਂ ਵਿੱਚ ਸਮੂਹ ਡਿਪਟੀ ਕੰਟ੍ਰੋਲਰ (ਵਿੱਤ ਅਤੇ ਲੇਖਾ), ਅੰਦਰੂਨੀ ਆਡਿਟ ਸੰਗਠਨ (ਆਰ) ਆਦਿ।
(x) ਆਰਥਿਕ ਸਲਾਹਕਾਰ, ਪੰਜਾਬ ਸਰਕਾਰ।
(xi) ਰਾਜ ਦੇ ਸਮੂਹ ਜ਼ਿਲ੍ਹਾ ਖਜ਼ਾਨਾ ਅਫਸਰ।
(xii) ਪੰਜਾਬ ਰਾਜ ਯੋਜਨਾ ਬੋਰਡ ਦੇ ਸਮੂਹ ਡਾਇਰੈਕਟਰ/ਡਿਪਟੀ ਡਾਇਰੈਕਟਰ।

ਡਾਇਰੈਕਟਰ ਯੋਜਨਾ

ਕਾਪੀ ਵੱਲ:

1. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ ਯੋਜਨਾ।
2. ਨਿੱਜੀ ਸਕੱਤਰ/ਸਕੱਤਰ ਯੋਜਨਾ।

## ਬੰਧਨ ਮੁਕਤ ਫੰਡਾਂ ਨੂੰ ਇਸਤੇਮਾਲ ਕਰਨ ਸਬੰਧੀ ਸੋਧੀਆਂ ਹੋਈਆਂ ਅਗਵਾਹੀ ਲੀਹਾਂ - 2012

ਬੰਧਨ ਮੁਕਤ ਫੰਡਾਂ ਦੀ ਧਾਰਨਾ ਸਾਲ 1988-89 ਦੌਰਾਨ ਹੰਗਾਮੀ ਕਾਰਜਾਂ ਜਿਹੜੇ ਕਿ ਆਮ ਤੌਰ ਤੇ ਜ਼ਿਲ੍ਹਾ ਪੱਧਰ ਤੇ ਵਿਕੇਂਦਰੀਕ੍ਰਿਤ ਸਕੀਮਾਂ ਅਧੀਨ ਕਵਰ ਨਹੀਂ ਹੁੰਦੇ, ਨੂੰ ਕਰਨ ਦੇ ਮੰਤਵ ਨਾਲ ਸੁਰੂ ਕੀਤੀ ਗਈ ਸੀ। ਬੰਧਨ ਮੁਕਤ ਫੰਡ ਮੁੱਖ ਤੌਰ ਤੇ ਰਹਿ ਗਏ ਖੱਪਿਆਂ (missing gaps) ਨੂੰ ਭਰਨ ਅਤੇ ਅਧੂਰੀਆਂ ਜਨ-ਉਪਯੋਗੀ ਸੰਪਤੀਆਂ/ਸੇਵਾਵਾਂ ਨੂੰ ਮੁਕੰਮਲ ਕਰਨ ਲਈ ਐਲੋਕੇਟ ਕੀਤੇ ਜਾਂਦੇ ਹਨ।

2. ਇਨ੍ਹਾਂ ਬੰਧਨ ਮੁਕਤ ਫੰਡਾਂ ਦਾ ਇਸਤੇਮਾਲ ਕਰਨ ਸਮੇਂ ਨਿਮਨ ਲਿਖਤ ਅਗਵਾਹੀ ਲੀਹਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ :-

(ੳ) ਬੰਧਨ ਮੁਕਤ ਫੰਡਾਂ ਨਾਲ ਕੀਤੇ ਜਾਣ ਵਾਲੇ ਕਾਰਜ ਸਥਾਨਕ ਲੋੜਾਂ ਦੇ ਆਧਾਰ ਤੇ ਵਿਕਾਸ ਰੂਪ ਵਾਲੇ ਹੋਣੇ ਚਾਹੀਦੇ ਹਨ। ਜਿਆਦਾ ਤਵੱਜੋਂ ਪਹਿਲਾਂ ਤੋ ਉਸਾਰੀਆਂ ਹੋਈਆਂ ਪੂੰਜੀਗਤ ਸੰਪਤੀਆਂ ਦਾ ਕੁਸ਼ਲਤਾਪੂਰਵਕ ਇਸਤੇਮਾਲ ਕਰਕੇ ਉਤਪਾਦਿਕਤਾ ਵਧਾਉਣ ਅਤੇ ਲੋਕ ਭਲਾਈ ਦੇ ਕੰਮਾਂ ਵਿਚ ਵਾਧਾ ਕਰਨ ਵੱਲ ਦਿੱਤੀ ਜਾਵੇਗੀ।

(ਅ) ਫੰਡਾਂ ਦਾ ਇਸਤੇਮਾਲ ਅਣ-ਵਰਤਕ ਕਿਸਮ ਦੇ ਕੰਮਾਂ ਲਈ ਅਤੇ ਪ੍ਰਤੱਖ ਸੇਵਾ ਸੁਵਿਧਾਵਾਂ ਮੁਹੱਈਆ ਕਰਵਾਉਣ ਵਾਲੇ ਅਤੇ ਆਮ ਜਨਤਾ ਨੂੰ ਲਾਭ ਪਹੁੰਚਾਉਣ ਵਾਲੇ ਕਾਰਜਾਂ ਲਈ ਕੀਤਾ ਜਾਵੇਗਾ। ਇਨ੍ਹਾਂ ਫੰਡਾਂ ਦਾ ਇਸਤੇਮਾਲ ਕਿਸੇ ਵਰਤਕ ਖਰਚੇ ਜਿਵੇ ਕਿ ਸਟਾਫ ਜਾਂ ਇਹੋ ਜਿਹੀਆਂ ਸੁਵਿਧਾਵਾਂ ਦੇ ਰੱਖ ਰੱਖਾਅ ਲਈ ਨਹੀ ਕੀਤਾ ਜਾਵੇਗਾ।

(ੲ) ਇੱਕ ਕਾਰਜ ਦੀ ਲਾਗਤ ਵੱਧ ਤੋ ਵੱਧ 50.00 ਲੱਖ ਰੁਪਏ ਤੱਕ ਹੋਵੇਗੀ ਅਤੇ ਇਸ ਤੇ ਹੋਣ ਵਾਲੇ ਖਰਚੇ (spill over) ਨੂੰ ਅਗਾਂਹ ਪਾਉਣਾ ਆਗਿਆਯੋਗ ਨਹੀਂ ਹੋਵੇਗਾ।

(ਸ) ਜਿੱਥੇ ਤੱਕ ਕਿ ਇਨ੍ਹਾਂ ਫੰਡਾਂ ਅਧੀਨ ਤਕਨੀਕੀ ਅਤੇ ਪ੍ਰਬੰਧਕੀ ਮੰਨਜੂਰੀਆਂ ਦਾ ਸਬੰਧ ਹੈ, ਜਿਲ੍ਹਾ ਯੋਜਨਾ ਤੇ ਵਿਕਾਸ ਬੋਰਡਾਂ/ਜ਼ਿਲ੍ਹਾ ਯੋਜਨਾ ਕਮੇਟੀਆਂ ਵੱਲੋ ਲਏ ਗਏ ਫੈਸਲੇ ਅੰਤਿਮ ਹੋਣਗੇ। ਜੇਕਰ ਲੋੜ ਹੋਵੇ ਤਾਂ ਇੰਨ੍ਹਾਂ ਫੰਡਾਂ ਨਾਲ ਕਾਰਜਾਂ ਨੂੰ ਅਮਲ ਵਿੱਚ ਲਿਆਉਣ ਦੇ ਮੰਤਵ ਵਾਸਤੇ ਪੂਰੇ ਅਤੇ ਅੰਤਿਮ ਅਧਿਕਾਰ ਜ਼ਿਲ੍ਹਾ ਤਕਨੀਕੀ ਅਤੇ ਪ੍ਰਬੰਧਕੀ ਕਾਰਜ ਕਰਤਾਵਾਂ ਨੂੰ ਸੋਂਪੇ ਜਾ ਸਕਦੇ ਹਨ।

(ਹ) ਕਾਰਜਾਂ ਵਿੱਚ ਜਨਤਕ ਹਿੱਸੇਦਾਰੀ ਲਈ ਹੌਸ਼ਲਾ ਅਫ਼ਜਾਈ ਕੀਤੀ ਜਾਵੇਗੀ। ਬੰਧਨ ਮੁਕਤ ਫੰਡਾਂ ਦੀ ਸ੍ਰੇਣੀ ਅਧੀਨ ਕਾਰਜ ਵੱਖ-ਵੱਖ ਜਿਲ੍ਹਾ ਪੱਧਰੀ ਕਾਰਜਕਾਰੀ ਏਜੰਸੀਆਂ ਜਿਵੇ ਕਿ ਲੋਕ ਨਿਰਮਾਣ ਵਿਭਾਗ, ਪੰਚਾਇਤੀ ਰਾਜ, ਪੇਡੂ ਵਿਕਾਸ ਏਜੰਸੀ, ਗ੍ਰਾਮ ਪੰਚਾਇਤ, ਮਾਪੇ ਅਧਿਆਪਕ ਐਸੋਸੀਏਸ਼ਨ, ਗੈਰ ਸਰਕਾਰੀ ਸੰਸਥਾਵਾਂ ਆਦਿ ਵੱਲੋ ਕਰਵਾਏ ਜਾਣਗੇ। ਸਬੰਧਤ ਜਿਲ੍ਹਾ ਵਿਭਾਗਾਂ ਦੇ ਮੁੱਖੀ ਇੰਨ੍ਹਾਂ ਕਾਰਜਾਂ ਦੀ ਸੰਪੂਰਨ ਨਿਗਰਾਨੀ ਅਤੇ ਤਾਲਮੇਲ ਲਈ ਜਿੰਮੇਵਾਰ ਹੋਣਗੇ। ਬੰਧਨ ਮੁਕਤ ਫੰਡ ਬੜੇ ਲਿਮਟਿਡ ਹੁੰਦੇ ਹਨ, ਇਸ ਕਰਕੇ ਕਾਰਜਕਾਰੀ ਏਜੰਸੀਆਂ ਵੱਲੋਂ ਵਿਭਾਗੀ ਚਾਰਜਿਜ਼ ਨਹੀਂ ਲੈਣੇ ਚਾਹੀਦੇ। ਪ੍ਰੰਤੂ ਕਿਸੇ ਵਜਾਹ ਕਰਕੇ ਜੇਕਰ ਕਿਸੇ ਕਾਰਜਕਾਰੀ ਏਜੰਸੀ ਨੂੰ ਵਿਭਾਗੀ ਖਰਚੇ ਦੇਣੇ ਪੈਂਦੇ ਹਨ ਤਾਂ ਵੱਧ ਤੋਂ ਵੱਧ 3% ਦਿੱਤੇ ਜਾ ਸਕਦੇ ਹਨ। ਇਸ ਤੋਂ ਇਲਾਵਾ ਕਾਰਜਕਾਰੀ ਏਜੰਸੀ ਆਪਣੇ ਪੂਰਵ ਕੰਮ, ਇਨ੍ਹਾਂ ਨੂੰ ਲਾਗੂ ਕਰਨ ਅਤੇ ਨਿਰੀਖਣ ਆਦਿ ਲਈ ਸੇਵਾਵਾਂ ਵਾਸਤੇ ਕੋਈ ਹੋਰ ਪ੍ਰਬੰਧਕੀ ਖਰਚੇ ਵਸੂਲ ਨਹੀਂ ਕਰਨਗੀਆਂ।

ਬੰਧਨ ਮੁਕਤ ਫੰਡਾਂ ਨਾਲ ਕੀਤੇ ਜਾ ਸਕਣ ਵਾਲੇ ਉਦਾਹਰਣ ਕਾਰਜਾਂ ਦੀ ਸੂਚੀ :-

(1) ਸਰਕਾਰੀ ਮਲਕੀਅਤ ਅਤੇ ਪ੍ਰਬੰਧ ਅਧੀਨ ਸਿੱਖਿਆ ਸੰਸਥਾਵਾਂ (ਜਿਵੇਂ ਕਿ ਆਦਰਸ਼ ਸਕੂਲ) ਵਿਚ ਵਾਧੂ ਕਮਰਿਆਂ/ਹੋਸਟਲ ਦੀ ਉਸਾਰੀ ਅਤੇ ਇਮਾਰਤਾਂ ਨੂੰ ਮੁਕੰਮਲ ਕਰਨ ਲਈ। ਸਿੱਖਿਆ ਸੰਸਥਾਵਾਂ, ਜੋ ਕਿ ਨਿੱਜੀ ਅਦਾਰਿਆਂ ਦੁਆਰਾ ਚਲਾਈਆਂ ਜਾ ਰਹੀਆਂ ਹੋਣ, ਭਾਵੇਂ ਇਹ ਸੰਸਥਾਵਾਂ 95 ਪ੍ਰਤੀਸ਼ਤ ਸਹਾਇਤਾ ਰਾਜ ਸਰਕਾਰ ਵੱਲੋਂ ਪ੍ਰਾਪਤ ਕਰਦੀਆਂ ਹੋਣ, ਬੰਧਨ ਮੁਕਤ ਫੰਡਾਂ ਸਕੀਮ, ਤਹਿਤ ਸ਼ਾਮਿਲ ਨਹੀਂ ਕੀਤੀਆਂ ਜਾਣਗੀਆਂ।

(2) ਸਰਕਾਰੀ ਮਲਕੀਅਤ ਅਤੇ ਪ੍ਰਬੰਧ ਅਧੀਨ ਡਾਕਟਰੀ ਸਿਹਤ ਸੰਸਥਾਵਾਂ/ਪਸ਼ੂ ਸਿਹਤ ਸੰਸਥਾਵਾਂ ਵਿਚ ਵਾਧੂ ਕਮਰਿਆਂ ਦੀ ਉਸਾਰੀ/ਇਮਾਰਤਾਂ ਨੂੰ ਮੁਕੰਮਲ ਕਰਨ ਲਈ।

(3) ਸਰਕਾਰੀ ਮਲਕੀਅਤ ਅਧੀਨ ਪਿੰਡਾਂ ਅਤੇ ਸ਼ਹਿਰਾਂ ਵਿਚ ਨਵੇਂ/ਅਧੂਰੇ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਲਈ ਜੋ ਕਿ ਬੰਧਨ ਮੁਕਤ ਫੰਡਾਂ ਵਿੱਚੋਂ ਪ੍ਰਤੀ ਪ੍ਰਜੈਕਟ 50.00 ਲੱਖ ਰੁਪਏ ਦੀ ਰਾਸ਼ੀ ਦੀ ਸੀਮਾਂ ਦੇ ਵਿੱਚ ਵਿੱਚ ਮੁਕੰਮਲ ਕੀਤੇ ਜਾ ਸਕਦੇ ਹੋਣ।

(4) ਬਰਸਾਤੀ ਪਾਣੀ ਦੇ ਨਿਕਾਸ ਲਈ ਸੜਕਾਂ ਤੇ ਕਲਵਰਟਸ ਦੀ ਉਸਾਰੀ ਲਈ, ਫਿਰਨੀਆਂ, ਛੋਟੇ ਪੁਲ, ਮਿਸਿੰਗ ਲਿੰਕਸ (missing links) ਅਤੇ ਲਿੰਕ ਸੜਕਾਂ/ਕੱਚੀਆਂ ਸੜਕਾਂ ਦੀ ਉਸਾਰੀ ਲਈ।

(5) ਸਰਕਾਰੀ ਸਕੂਲਾਂ/ਹਸਪਤਾਲਾਂ ਆਦਿ ਵਿੱਚ ਪੀਣ ਯੋਗ ਪਾਣੀ ਤੇ ਸ਼ੋਚਾਲਿਆਂ ਦੀਆਂ ਸਹੂਲਤਾਂ ਮੁਹੱਈਆਂ ਕਰਵਾਉਣ ਲਈ।

(6) ਸ਼ਮਸ਼ਾਨਘਾਟਾਂ ਵਿਚ ਸ਼ੈਡ, ਪੀਣ ਯੋਗ ਪਾਣੀ ਦੀ ਵਿਵਸਥਾਂ ਅਤੇ ਚਾਰ ਦੀਵਾਰੀ ਦੀ ਉਸਾਰੀ ਲਈ।

(7) ਛੱਪੜਾਂ ਵਿਚੋ ਗਾਰ ਕੱਢਣ ਲਈ ਅਤੇ ਛੱਪੜਾਂ ਦੀ ਬੰਨ ਦੀਵਾਰ ਦੀ ਉਸਾਰੀ ਲਈ।

(8) ਗਲੀਆਂ ਅਤੇ ਨਾਲੀਆਂ ਦੀ ਉਸਾਰੀ ਅਤੇ ਗੰਦੇ ਪਾਣੀ ਦੀ ਨਿਕਾਸੀ ਲਈ।

(9) ਸਰਕਾਰੀ ਪ੍ਰਾਈਮਰੀ ਸਕੂਲਾਂ ਦੀ ਚਾਰਦੀਵਾਰੀ ਲਈ ਇਸ ਸ਼ਰਤ ਤੇ ਰਾਸ਼ੀ ਖਰਚ ਕੀਤੀ ਜਾ ਸਕਦੀ ਹੈ ਕਿ ਇਹ ਕੰਮ ਗਰਾਂਮ ਪੰਚਾਇਤ ਦੁਆਰਾ ਨਗਦੀ ਜਾਂ ਕੰਮ ਦੇ ਰੂਪ ਵਿਚ ਯੋਗਦਾਨ ਨਾਲ ਕੀਤਾ ਜਾਵੇਗਾ।

(10) ਜਨਤਕ ਲਾਇਬ੍ਰੇਰੀਆਂ ਅਤੇ ਪੜ੍ਹਨ ਲਈ ਕਮਰਿਆਂ ਦੀ ਉਸਾਰੀ, ਕਿਤਾਬਾਂ ਖਰੀਦਣ ਅਤੇ ਖੇਤੀਬਾੜੀ ਸਾਹਿੱਤ ਖਰੀਦਣ ਲਈ।

(11) ਸਰਕਾਰੀ ਵਿਦਿਅਕ ਸੰਸਥਾਵਾਂ/ਡਾਕਟਰੀ ਸਿਹਤ ਸੰਸਥਾਵਾਂ/ਪਸ਼ੂ ਸਿਹਤ ਸੰਸਥਾਵਾਂ ਅਤੇ ਵਿਰਸੇ ਦੀਆਂ ਹੋਰ ਇਮਾਰਤਾਂ ਜਿੰਨ੍ਹਾਂ ਨੂੰ ਕਿ ਅਸੁਰੱਖਿਅਤ ਘੋਸ਼ਿਤ ਕੀਤਾ ਗਿਆ ਹੋਵੇ, ਦੀ ਮੁਰੰਮਤ ਲਈ ਇਕ ਵਿੱਤੀ ਸਾਲ ਦੌਰਾਨ ਉਪਰੋਕਤ ਦਰਸਾਈਆਂ ਸ੍ਰੇਣੀਆਂ ਵਿਚੋਂ 5.00 ਲੱਖ ਰੁਪਏ ਤੱਕ ਪ੍ਰਤੀ ਸ੍ਰੇਣੀ ਜਰੂਰੀ ਅਤੇ ਤੁਰੰਤ ਖਰਚੇ ਲਈ।

(12) ਲੋਕਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਨ ਲਈ ਟਿਊਬਵੈਲ ਲਗਾਉਣ ਅਤੇ ਪਾਣੀ ਦੇ ਟੈਂਕਾਂ ਦੀ ਉਸਾਰੀ ਲਈ।

(13) ਐਲੀਮੈਂਟਰੀ ਤੇ ਸੈਕੰਡਰੀ ਸਕੂਲਾਂ ਲਈ ਇੱਕ ਵਿਸੇਸ਼ ਕੇਸ ਵਜੋਂ ਫਰਨੀਚਰ ਦੀ ਖਰੀਦ ਲਈ।

(14) ਉਨ੍ਹਾਂ ਪਿੰਡਾਂ ਵਿੱਚ ਸੋਲਰ ਲਾਈਟਾਂ ਲਗਾਉਣ ਲਈ, ਜਿਥੇ ਕਿ ਪੰਚਾਇਤਾਂ ਘੱਟ ਤੋ ਘੱਟ

(16) ਕਮਜ਼ੋਰ ਵਰਗ ਦੇ ਅਨੁਸੂਚਿਤ ਜਾਤੀਆਂ/ਪਛੜੀਆਂ ਸ੍ਰੇਣੀਆਂ ਦੇ ਲੋਕਾਂ ਨੂੰ ਮਕਾਨ ਲਈ ਜ਼ਮੀਨ/ਉਸਾਰੀ/ਮੁਰੰਮਤ ਲਈ ਵਿੱਤੀ ਸਹਾਇਤਾ ਦੇਣ ਵਾਸਤੇ।

(17) ਪੰਚਾਇਤਾਂ ਦੀ ਧੰਨ ਕਮਾਊ ਸਕੀਮ ਵਾਸਤੇ।

(18) ਵਿਅਕਤੀਗਤ ਪਰਿਵਾਰਾਂ ਲਈ ਪਖਾਨਿਆਂ ਦੀ ਉਸਾਰੀ।

(19) ਮਹੱਤਵਪੂਰਨ ਸਖ਼ਸੀਅਤਾਂ ਦੀ ਯਾਦ ਵਿਚ ਗੇਟਾਂ ਦੀ ਉਸਾਰੀ।

(20) ਬਾਰ ਐਸੋਸੀਏਸ਼ਨਾਂ ਲਈ ਕਾਮਨ ਰੂਮ ਅਤੇ ਬਾਰ ਦੇ ਪੁਸਤਕਾਲਿਆ ਲਈ।

(21) ਪੇਂਡੂ ਜਲ ਸਪਲਾਈ ਸਕੀਮਾਂ (ਵਾਟਰ ਵਰਕਸ) ਅਤੇ ਸੀਵਰੇਜ਼ ਟਰੀਟਮੈਟ ਪਲਾਂਟ ਲਈ ਪਿੰਡਾਂ ਵਿਚ ਜ਼ਮੀਨ ਖਰੀਦਣ ਲਈ।

(22) ਪਿੰਡਾਂ ਵਿਚ ਖੇਡ ਮੈਦਾਨ, ਧਰਮਸਾਲਾਵਾਂ ਅਤੇ ਸਮਸ਼ਾਨਘਾਟਾਂ ਲਈ ਜ਼ਮੀਨ ਖਰੀਦਣ ਵਾਸਤੇ।

(23) ਯਾਦਗਾਰੀ ਗੇਟ ਬਣਾਉਣ/ਰੈਨੋਵੇਟ ਕਰਨ ਲਈ।

(24) ਕਿਸੇ ਵਿਕਾਸ ਦੇ ਕੰਮ ਦੀ ਪਲਾਨ ਤਿਆਰ ਕਰਨ ਲਈ ਸਰਵੇ ਕਰਵਾਉਣ ਸਬੰਧੀ।

(25) ਉਚੇਰੀ ਸਿੱਖਿਆ, ਤਕਨੀਕੀ ਸਿੱਖਿਆ, ਖੇਡਾਂ, ਮੈਡੀਕਲ ਸਿੱਖਿਆ, ਪੁਲਿਸ, ਸਿੱਖਿਆ ਅਤੇ ਸਿਹਤ ਤੇ ਪਰਿਵਾਰ ਕਲਿਆਣ ਵਿਭਾਗਾਂ ਅਧੀਨ ਆਉਂਦੇ ਕਾਲਜਾਂ ਅਤੇ ਹੋਰ ਸੰਸਥਾਵਾਂ ਸਮੇਤ ਯੂਨੀਵਰਸਿਟੀਆਂ ਵਿਚ ਬੁਨਿਆਦੀ ਢਾਂਚੇ ਦੀ ਕਰੀਏਸ਼ਨ, ਅਪਗਰੇਡੇਸ਼ਨ, ਰੱਖ ਰਖਾਓ ਵਾਸਤੇ, ਸਿਵਲ ਕੰਮਾਂ ਅਤੇ ਨਵੇਂ ਸਾਜੋ ਸਮਾਨ ਦੀ ਖਰੀਦ ਵਾਸਤੇ।

(26) ਲੋਕਲ ਬਾਡੀਜ਼/ਪੀ.ਆਰ.ਆਈਜ਼./ਰਜਿਸਟਰਡ ਬਾਡੀਜ ਲਈ ਸਪੋਰਟਸ ਇਕਿਊਪਮੈਂਟ ਆਦਿ ਦੀ ਖਰੀਦ ਵਾਸਤੇ।

(27) ਮਹਿਲਾਂ ਮੰਡਲਾਂ ਨੂੰ ਪਿੰਡ ਦੇ ਸਾਂਝੇ ਮਕਸਦਾਂ ਲਈ ਗਰਾਂਟ ਦੇਣ ਵਾਸਤੇ।

(28) **ਪੰਜਾਬ ਹਰਿਆਲੀ ਮੁਹਿੰਮ ਤਹਿਤ ਗੈਰ ਵਣ ਖੇਤਰਾਂ ਵਿੱਚ ਪਲਾਂਟੇਸਨ ਕਰਨ ਵਾਸਤੇ।**

**ਉਨ੍ਹਾਂ ਕਾਰਜਾਂ ਦੀ ਸੂਚੀ ਜਿਹੜੇ ਬੰਧਨ ਮੁਕਤ ਫੰਡਾਂ ਤਹਿਤ ਆਗਿਆਯੋਗ ਨਹੀ :-**

(i) ਖਪਤ ਯੋਗ ਵਸਤੂਆਂ ਜਿਵੇ ਕਿ ਫਰਨੀਚਰ, ਏਅਰ-ਕੰਡੀਸਨਰ, ਦਫਤਰੀ/ਪ੍ਰਾਈਵੇਟ ਵਰਤੋ ਲਈ ਕੰਪਿਊਟਰ ਅਤੇ ਸੱਭਿਆਚਾਰਕ ਗਤੀਵਿਧੀਆਂ, ਸਟੇਸ਼ਨਰੀ ਦੀ ਖਰੀਦ ਆਦਿ ਲਈ।

(ii) ਸਰਕਾਰੀ ਦਫ਼ਤਰਾਂ ਦੀ ਉਸਾਰੀ, ਵਾਧਾ, ਅਦਲ-ਬਦਲ ਅਤੇ ਮੁਰੰਮਤ ਲਈ, ਸਰਕਾਰੀ ਵਿਭਾਗਾਂ/ਏਜੰਸੀਆਂ ਅਤੇ ਰਾਜ ਸਰਕਾਰ ਦੇ ਅਧਿਕਾਰੀਆਂ ਲਈ ਰਿਹਾਇਸ਼ੀ ਅਤੇ ਹੋਰ ਇਮਾਰਤਾਂ ਲਈ।

(iii) ਵਪਾਰਕ ਸੰਗਠਨਾਂ, ਨਿੱਜੀ ਸੰਗਠਨਾਂ, ਸਵੈ ਇੱਛਕ ਸੰਗਠਨਾਂ, ਧਾਰਮਿਕ ਸੰਸਥਾਵਾਂ ਨਾਲ ਸਬੰਧਤ ਕਾਰਜ।

(iv) ਪੁਰਾਣੇ ਬਿੱਲਾਂ ਦੀ ਅਦਾਇਗੀ।

# Revised Guidelines regarding Utilisation of Untied Funds – 2012

----------------

The concept of untied funds was introduced in 1988-89 with the objective to carry out the works of emergent nature which are normally not covered under the schemes decentralized at the district level. These funds are mainly allocated for filling up the missing gaps and for completing the in-complete public utility assets.

2. The following guidelines may be adhered to strictly while utilizing the untied funds :-

(a) The works undertaken with the untied funds should be developmental in nature, based on the locally-felt needs. The emphasis should be towards increasing the efficiency of capital assets already created and to add to the productivity and welfare.

(b) The funds should be used for works of non-recurring nature and for the purposes such as provision of visible service support facilities and for benefit of general public. It should not include any recurring expenditure such as on staff or maintenance of such facilities.

(c) The cost of one work should be upto Rs 50.00 lakhs and no spill-over expenditure will be permissible.

(d) So far as technical and administrative sanctions under these funds are concerned, the decisions of the District Planning & Development Boards will be final. If need be for the purpose of implementation of works with these funds, full and final powers can be delegated to the district technical and administrative functionaries.

(e) Public contribution should be encouraged. The works under untied funds category would be executed by the different district level executing agencies such as PWD, Panchayati Raj, Rural Development Agency, Gram Panchayats, PTA, NGOs etc. The heads of the respective district department(s) would be responsible for the coordination and overall supervision of the works. The Untied funds are very limited, so that the executing agencies should not claim any administrative charges. But if due to some reasons the administrative charges are necessary, then the maximum up to 3% can be given. Besides this, the executing agencies would not charge any administrative charges for their services of preparatory work, implementation, supervision etc. While allocating the untied funds, priority should be given to those Panchayati Raj Institutions, Urban Local Bodies and Non-Government Organizations (Regd), which are ready to make contributions from their own resources on a matching or otherwise basis.

**Illustrative list of works which can be taken up with untied funds:**

(i) Construction of additional rooms/hostel/completion of buildings in government owned and managed educational institutions (such as Adarsh Schools). The Educational Institutions managed by the Private Bodies even if receiving 95% aid from the Govt will not be covered under Untied Funds.

(ii) Construction of additional rooms/completion of buildings in government owned and managed Medical Health Institutions/Animal Health Institutions.

(iii) New/incomplete infrastructure projects in villages and towns owned by the Government and which can be completed within the limit of Rs 50.00 lakhs set for projects under untied funds.

(iv) Construction of culverts on roads for disposal of rain water, phirnies, small bridges, construction of missing links and link roads/kutcha roads.

(v) Providing facilities of drinking water and lavatory in Govt schools/hospitals etc.

(vi) Provision of shelter, drinking water and construction of boundary walls of the cremation grounds.

(vii) Desilting of ponds and construction of retaining wall of ponds.

(viii) Construction of streets and drains and disposal of sullage water.

(ix) Boundary wall of Govt Primary Schools with the condition to get the work executed through the Gram Panchayat with contribution in cash or kind.

(x) Construction of public libraries and reading rooms and purchase of books and literature on agriculture.

(xi) Urgent and immediate expenditure on repair of Govt Educational Institutions/Medical Health Institutions/Animal Health Institutions and other buildings of heritage, which are declared un-safe upto a maximum amount of Rs 5.00 lakhs for each of the above said categories of the buildings in a financial year.

(xii) Installation of tube-wells and construction of water tanks for providing drinking water to the people.

(xiii) Purchase of furniture for Elementary Schools and Secondary Schools as a special case.

(xiv) Installation of solar street lights in the villages, where the panchayats make atleast 25% contribution and are ready to maintain these lights.

(xvi) Financial assistance for land/construction/repair of houses belonging to Scheduled Castes/Backward Classes of weaker sections.

(xvii) For Revenue earning scheme of Panchayats.

(xviii) Construction of toilets for individual families.

(xix) Construction of Gates in the memory of important personalities.

(xx) For the common room of Bar Associations and Libraries of the Bar.

(xxi) For the purchase of land in villages for Rural Water Supply Schemes (Water Works) and Sewerage Treatment Plants.

(xxii) To purchase land in villages for Play Ground, Dharamshalas and Cremation Grounds.

(xxiii) Construction/Renovation of Memorial Gate.

(xxiv) For conducting the survey to prepare the development works plan.

(xxv) For the creation of infrastructure, Upgradation, Maintainance and Civil Works and Purchase of new Equipments for the Colleges and other institutions including Universities under the departments of Higher Education, Technical Education, Sports, Police, Health and Family Welfare, Education and Medical Education.

(xxvi) For Purchase of Sports Equipments by Local Bodies/PRIs/ Registered Bodies.

(xxvii) Grant to Mahila Mandals for common purposes of the villages.

(xxviii) **Plantation in Non Forest areas under Punjab Hariyali Muhim.**

**List of Works not permissible under the Untied Funds.**

(i) Consumable articles such as purchase of furniture, installation of air-conditioners, computers for official/private use and cultural activities, purchase of stationery etc.

(ii) Construction, addition, alteration or repair of office buildings, residential buildings and other buildings relating to Government Departments/Agencies and officers of the State Government.

(iii) Works belonging to commercial organizations, private institutions, voluntary organizations, religious institutions.

(iv) Payment of old bills.